Punjab Files
ਪੰਜਾਬੀ ਸਨਾਤਨੀ ਦੀ ਆਵਾਜ਼

YEAR 1978

ਪੁੱਡਰੀ ਵਿਚ ਪੁਲਸ ਤੇ ਨਿਹੰਗ ਸਿੰਘ ਵਿਚ ਝੜਪ-4 ਮਰੇ-5 ਫ

ਪਹਿਲਾਂ ਪੁਲਸ ਨੇ ਨਿਹੰਗਾਂ ਦੀ ਛਾਉਣੀ ਵਲ ਜਾ ਰਹੇ ਇਕ ਟਰੈਕਟਰ ਤੇ ਫਾਇਰਿੰਗ ਕਰਕੇ ਦੋ ਨਿਹੰਗ ਸਿੰਘਾਂ ਨੂੰ ਮਾਰ ਦਿਤਾ—ਦੋ ਨਿਹੰਗ ਖੇਤਾਂ ਵਿਚ ਪੁਲਸ ਨਾਲ ਝੜਪ

ਜ਼ਮੀਨ ਦੇ ਇਕ ਟੁਕੜੇ ਤੇ ਝਗੜਾ ਵਧ ਗਿਆ—ਸ: ਰਘਬੀਰ ਸਿੰਘ ਐਮ ਪੀ. ਫਟੜ—ਨਿਹੰਗਾਂ ਨਾਲ ਸਮਝੌਤਾ ਯਤਨ

ਨਿਹੰਗ ਛਾਉਣੀ 'ਚ ਭਾਰੀ ਗੁਸਾ—ਇਲਾਕੇ ਵਿਚ ਜ਼ਬਰਦਸਤ ਖਿਚਾਅ

ਹਰਿਆਣਾ ਦੇ ਵਿਕਾਸ ਮੰਤਰੀ ਸ: ਤਾਰਾ ਸਿੰਘ ਤੇ ਬੀਬੀ ਰਾਜਿੰਦਰ ਕੌਰ ਸਮਝੌਤਾ ਕਰਾਉਣ ਲਈ ਸਰਗਰਮ—ਵੱਡੇ ਅਧਿਕਾਰੀ ਵੀ ਮੌਕੇ ਤੇ ਪੁਜ ਗਏ—ਪਤਰਕਾਰਾਂ ਨੇ ਨਿਹੰਗਾਂ ਦੀ ਛਾਉਣੀ ਵੀ ਵੇਖੀ

ਕੁਰਕਸ਼ੇਤਰ, 16 ਜਨਵਰੀ—ਅੱਜ ਵਿਚ ਨਿਹੰਗ ਸਿੰਘਾਂ ਤੇ ਪੁਲਿਸ ਵਿਚ ਫਾਇਰਿੰਗ ਵਜੋਂ 2 ਨਿਹੰਗ ਸਿੰਘ ਮਾਰੇ ਗਏ। ਜਦ ਕਿ ਪੰਜ ਫਟੜ ਹੋ ਗਏ। ਇਸ ਤਰ੍ਹਾਂ ਨਿਹੰਗਾਂ ਤੇ ਅਧਿਕਾਰੀਆਂ ਚ ਸਖਤ ਖਿਚਾਅ ਪੈਦਾ ਹੋ ਗਿਆ ਹੈ। ਅਧਿਕਾਰੀਆਂ ਨੇ ਫੌਜ ਨਾਲ ਵੀ ਸਬੰਧ ਕਾਇਮ ਕੀਤਾ ਹੈ ਤੇ ਏਰੀਆ ਕਮਾਂਡਰ ਨੇ ਇਲਾਕੇ ਦਾ ਮੁਆਇਨਾ ਕੀਤਾ ਜਿਥੇ ਕਿ ਨਿਹੰਗ ਤੇ ਪੁਲਿਸ ਇਕ ਦੂਜੇ ਵਿਰੁਧ ਡਟੇ ਹੋਏ ਹਨ। ਇਸ ਖਿਚਾਅ ਭਰਪੂਰ ਸਥਿਤੀ ਵਿਚ ਸਵਰਗੀ ਮਾਸਟਰ ਤਾਰਾ ਸਿੰਘ ਦੀ ਸਪੁਤਰੀ ਡਾ: ਰਾਜਿੰਦਰ ਕੌਰ ਸਮਝੌਤਾ ਕਰਾਉਣ ਦਾ ਯਤਨ ਕਰ ਰਹੇ ਹਨ। ਉਹਨਾਂ ਨੇ ਨਿਹੰਗਾਂ ਤੇ ਅਧਿਕਾਰੀਆਂ ਦੋਹਾਂ ਨਾਲ ਵਿਚਾਰ ਵਟਾਂਦਰਾ ਕੀਤਾ ਹੈ। ਜੋ ਪੰਜ ਨਿਹੰਗ ਫਟੜ ਹੋਏ, ਉਹਨਾਂ ਵਿਚੋਂ ਤਿੰਨ ਨੂੰ ਹਸਪਤਾਲ ਭੇਜ ਦਿਤਾ ਗਿਆ ਹੈ ਜਦ ਕਿ ਆਖਰੀ ਖਬਰਾਂ ਆਉਣ ਤਕ ਦੋ ਖੇਤਾਂ ਵਿਚ ਹੀ ਪਏ ਹਨ। ਝਗੜਾ ਕੈਥਲ ਸ਼ਹਿਰ ਵਿਚ ਇਕ ਸਮਾਧੀ ਦੀ ਜ਼ਮੀਨ ਤੋਂ ਹੋਇਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਨਿਹੰਗ ਸਿੰਘ ਇਸ ਤੇ ਜਬਰਦਸਤੀ ਕਬਜ਼ਾ ਕਰ ਰਹੇ ਸਨ। ਝਗੜੇ ਦਾ ਵੇਰਵਾ ਇਸ ਪ੍ਰਕਾਰ ਦਸਿਆ ਜਾਂਦਾ ਹੈ ਕਿ ਇਕ ਟਰੈਕਟਰ ਨਿਹੰਗਾਂ ਦੀ ਛਾਉਣੀ ਵਲ ਜਾ ਰਿਹਾ ਸੀ ਕਿ ਪੁਲਿਸ ਨੇ ਉਸ ਨੂੰ ਇਹ ਸਮਝ ਕੇ ਰੋਕਿਆ ਕਿ ਉਸ ਵਿਚ ਅਸਲ੍ਹਾ ਹੈ। ਮਗਰ ਟਰੈਕਟਰ ਚਲਾਉਣ ਵਾਲੇ, ਪੁਲਿਸ ਦੇ ਕਹਿਣੇ ਅਨੁਸਾਰ ਨਾ ਰੁਕੇ ਤੇ ਅਗੇ ਵਧਦੇ ਗਏ, ਇਸ ਤੇ ਪੁਲਿਸ ਨੇ ਗੋਲੀ ਚਲਾ ਦਿਤੀ ਜਿਸ ਨਾਲ ਦੋ ਨਿਹੰਗ ਸਿੰਘ ਹਰਭਜਨ ਸਿੰਘ ਤੇ ਬਲਕਾਰ ਸਿੰਘ ਮਾਰੇ ਗਏ। ਵਿਰਸਾ ਸਿੰਘ, ਰਿਛਪਾਲ ਸਿੰਘ ਤੇ ਹਰਭਜਨ ਸਿੰਘ ਫਟੜ ਹੋ ਗਏ। ਬਾਕੀ ਦੋ ਸ਼ਾਮ 5 ਵਜੇ 40 ਮਿੰਟ ਤੇ ਪੁਲਿਸ ਨਾਲ ਫਾਇਰਿੰਗ ਵਿਚ ਮਾਰੇ ਗਏ। ਪਤਾ ਲਗਾ ਹੈ ਕਿ ਹਰਿਆਣਾ ਦੇ ਵਿਕਾਸ ਮੰਤਰੀ ਸ: ਤਾਰਾ ਸਿੰਘ ਨਿਹੰਗਾਂ ਤੇ ਅਧਿਕਾਰੀਆਂ ਵਿਚ ਸਮਝੌਤਾ ਕਰਾਉਣ ਦਾ ਯਤਨ ਕਰ ਰਹੇ ਸਨ ਤੇ ਉਹਨਾਂ ਨੇ ਬਾਬਾ ਸੰਤਾ ਸਿੰਘ ਨਾਲ ਮੁਕਤਸਰ ਵਿਚ ਵਿਚਾਰ ਵਟਾਂਦਰਾ ਕੀਤਾ ਸੀ। ਕਿਹਾ ਜਾਂਦਾ ਹੈ ਕਿ ਉਹਨਾਂ ਪਾਸ ਬਾਬਾ ਸੰਤਾ ਸਿੰਘ ਦਾ ਪਤਰ ਸੀ ਜਿਸ ਵਿਚ ਸੂਚਨਾ ਅਨੁਸਾਰ 'ਸਮਝੌਤਾ' ਸੀ ਮਗਰ ਉਹਨਾਂ ਦੇ ਆਉਣ ਤੋਂ ਪਹਿਲਾਂ ਹੀ ਭਾਣਾ ਵਰਤ ਗਿਆ। ਕਿਹਾ ਜਾਂਦਾ ਹੈ ਕਿ ਚੌਧਰੀ ਦੇਵੀ ਲਾਲ ਨੂੰ ਵੀ ਇਹ ਖਬਰ ਦੇ ਦਿਤੀ ਗਈ ਸੀ ਕਿ ਨਿਹੰਗ ਸਿੰਘਾਂ ਨਾਲ ਲਗਪਗ ਸਮਝੌਤਾ ਹੋ ਗਿਆ ਹੈ। ਤਾਰਾ ਸਿੰਘ ਫਾਇਰਿੰਗ ਦੀ ਖਬਰ ਸੁਣ ਕੇ ਵਾਪਸ ਚੰਡੀਗੜ੍ਹ ਚਲੇ ਗਏ। ਪੁਲਿਸ ਅਫਸਰਾਂ ਨੇ ਪਤਰਕਾਰਾਂ ਨੂੰ ਦਸਿਆ ਕਿ ਨਿਹੰਗ ਸਿੰਘ ਇਲਾਕੇ ਚ ਘੁੰਮਦੇ ਰਹਿੰਦੇ ਹਨ ਮਗਰ ਉਸ ਵੇਲੇ ਕੋਈ ਨਿਹੰਗ ਸਿੰਘ ਨਜਰ ਨਹੀਂ ਆ ਰਿਹਾ ਸੀ। ਇਕ ਪਤਰਕਾਰ ਪੁਲਿਸ ਦੀ ਚਿਤਾਵਨੀ ਦੀ ਪਰਵਾਹ ਕੀਤੇ ਬਿਨਾਂ ਨਿਹੰਗ ਛਾਉਣੀ ਚਲਾ ਗਿਆ ਜਿਸ ਤੇ ਨਿਹੰਗਾਂ ਨੇ ਉਸਨੂੰ ਦਸਿਆ ਕਿ ਪੁਲਿਸ ਨੇ ਉਹਨਾਂ ਨਾਲ ਕੀ ਕੀਤਾ ਹੈ। ਜਦ ਪਤਰਕਾਰ ਇਹ ਗਲ ਕਰ ਰਿਹਾ ਸੀ ਤਾਂ ਉਸ ਵੇਲੇ ਫਿਰ ਫਾਇਰੰਗ ਦੀ ਆਵਾਜ਼ ਸੁਣਾਈ ਦਿਤੀ। ਇੰਜ ਜਾਪਦਾ ਸੀ ਕਿ ਜੋ ਨਿਹੰਗ ਸਿੰਘ ਖੇਤਾਂ ਵਿਚ ਸਨ, ਉਹਨਾਂ ਤੇ ਫਾਇਰੰਗ ਹੋਈ। ਨਿਹੰਗ ਸਿੰਘ ਉਸ ਵੇਲੇ ਸਖਤ ਗੁਸੇ ਵਿਚ ਸਨ। ਅਤੇ 'ਕਰੋ ਜਾਂ ਮਰੋ' ਦੀਆਂ ਗੱਲਾਂ ਕਰ ਰਹੇ ਸਨ। ਇਸ ਝਗੜੇ ਵਿਚ ਸ੍ਰੀ ਰਘਬੀਰ ਸਿੰਘ ਐਮ. ਪੀ. ਵੀ ਫਟੜ ਹੋ ਗਏ। ਉਹਨਾਂ ਨੇ ਧਮਕੀ ਦਿਤੀ ਕਿ ਉਹ ਨਿਹੰਗ ਸਿੰਘਾਂ ਦੇ ਜਲੂਸ ਦੀ ਅਗਵਾਈ ਕਰਨਗੇ ਤੇ ਵੇਖਣਗੇ ਕਿ ਉਹਨਾਂ ਨੂੰ ਕੌਣ ਰੋਕਦਾ ਹੈ। ਉਹਨਾਂ ਦੇ ਸਜੇ ਪੈਰ ਤੇ ਸਟ ਲਗੀ ਸੀ ਤੇ ਉਹ ਨਿਹੰਗ ਛਾਉਣੀ ਨੂੰ ਚਲੇ ਗਏ ਜਿਥੇ ਕੁਝ ਦੇਰ ਬਾਦ ਉਹ ਵਾਪਸ ਆ ਗਏ। ਉਹਨਾਂ ਨੇ ਡੀ. ਆਈ. ਜੀ. ਨਾਲ ਵੀ ਗਲ ਨਾ ਕੀਤੀ। ਸ: ਤਾਰਾ ਸਿੰਘ ਦੀ ਹਦਾਇਤ ਤੇ ਡੀ. ਆਈ. ਜੀ ਮੌਕੇ ਤੇ ਪੁਜਾ ਤੇ ਉਸ ਵੇਲੇ ਡਾਕਟਰ ਰਾਜਿੰਦਰ ਕੌਰ ਆ ਰਹੇ ਤੇ ਉਹਨਾਂ ਨੇ ਇਸ ਗਲ ਦਾ ਜ਼ਿਕਰ ਕੀਤਾ ਕਿ ਹੋਰ ਨਿਹੰਗਾਂ ਤੇ ਫਾਇਰੰਗ ਹੋਈ ਹੈ। ਇਸ ਤੋਂ ਪਹਿਲਾਂ ਝੜਪ ਵਿਚ ਵੀ ਨਿਹੰਗਾਂ ਤੇ ਪੁਲਿਸ ਵਿਚ ਤਸ਼ਾਦਮ ਹੁੰਦੇ ਹੁੰਦੇ ਰਹਿ ਗਿਆ ਸੀ। ਦੂਜੇ ਪਾਸੇ ਪੁਲਿਸ ਨੇ ਫਾਇਰੰਗ ਦਾ ਕਾਰਨ ਇਹ ਦਸਿਆ ਹੈ ਕਿ ਨਿਹੰਗ ਸੀ. ਆਰ. ਪੀ. ਦੇ ਦੋ ਨੌਜੁਆਨਾਂ ਨੂੰ ਅਗਵਾ ਕਰਕੇ ਲੈ ਗਏ ਤੇ ਵਾਰਨਿੰਗ ਦੇ ਬਾਵਜੂਦ ਛਡਣ ਤੋਂ ਇਨਕਾਰ ਕਰ ਦਿਤਾ।

ਨਿਹੰਗ ਛਾਉਣੀ ਦਾ ਦ੍ਰਿਸ਼-(1) ਪੁਲਿਸ ਫਾਇਰਿੰਗ ਵਿਚ ਹਲਾਕ ਨਿਹੰਗ ਸਿੰਘ (2) ਛਾਉਣੀ ਦੀ ਰਖਿਆ ਕਰਦਾ ਨਿਹੰਗ ਸਿੰਘ (3) ਜ਼ਖਮੀ ਨਿਹੰਗ ਸਿੰਘ

ਮਾਂ ਪੁਤਰ ਗ੍ਰਿਫਤਾਰ

ਅਫੀਮ ਵੇਚਣ ਦਾ ਦੋਸ਼

ਅੰਮ੍ਰਿਤਸਰ, 16 ਜਨਵਰੀ—ਪੁਲਿਸ ਨੇ ਡੈਮ ਗੰਜ ਦੀ ਇਕ ਔਰਤ ਤੇ ਉਸਦੇ ਲੜਕੇ ਨੂੰ ਅਫੀਮ ਦਾ ਧੰਦਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਹੈ।

★ਪੁਲਿਸ ਕਮਿਸ਼ਨ ਪੁਲਿਸ ਦੇ ਕੰਮ ਦੀ ਸਭ ਪਖਾ ਦੀ ਪੜਤਾਲ ਕਰੇਗਾ—ਨਰਸਿਮਰਨ ਦਾ ਬਿਆਨ।

ਸੰਤ ਹਰਚੰਦ ਸਿੰਘ ਨੇ ਮੋਰਚੇ 'ਚ ਜਾਨ ਪਾਈ ਤੇ ਇੰਦ੍ਰਾ ਦੇ ਥੰਮ੍ਹ ਥਿੜਕਾ ਦਿਤੇ—ਚੱਕ ਸ਼ੇਰੇਵਾਲਾ

ਅਸੀਂ ਸਾਰੇ ਗਰਜ਼ਾਂ ਨਾਲ ਬੱਝੇ ਹਾਂ-ਸੰਤ ਜੀ ਬੇਗਰਜ਼ ਹਨ

ਫਰੀਦਕੋਟ, 16 ਜਨਵਰੀ—ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ, ਸ: ਕਿਰਪਾਲ ਸਿੰਘ ਚੱਕ ਸ਼ੇਰੇਵਾਲਾ ਨੇ ਬੀਤੇ ਦਿਨ ਇਥੇ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਵਿਚ ਹੋਏ ਇਕ ਵਿਸ਼ਾਲ ਧਾਰਮਿਕ ਦੀਵਾਨ ਵਿਚ ਬੋਲਦਿਆਂ ਕਿਹਾ ਕਿ ਸਰਦਾਰੇ ਆਜ਼ਮ ਸੰਤ ਹਰਚੰਦ ਸਿੰਘ ਲੌਂਗੋਵਾਲ ਬਾਬਾ ਖੜਗ ਸਿੰਘ, ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹਿ ਸਿੰਘ ਦੀ ਪਧਰ ਦੇ ਨੇਤਾ ਹਨ। ਸੰਤ ਲੌਂਗੋਵਾਲ ਨੂੰ ਕਿਸੇ ਅਹੁਦੇ ਜਾਂ ਪੁਜੀਸ਼ਨ ਨਾਲ ਕੋਈ ਪਕੜ ਨਹੀਂ ਅਤੇ ਉਹ ਆਪਣੇ ਆਪ ਨੂੰ ਕੌਮ ਦੇ ਜੋਚਣ ਭਾਵਨਾ ਨੂੰ ਮੁਖ ਰਖਕੇ ਹੀ ਸੰਤ ਜੀ ਨੇ ਅਕਾਲੀ ਦਲ ਦਾ ਪਰਧਾਨ ਅਤੇ

(ਬਾਕੀ ਦੇਖੋ ਸਫਾ 5 ਤੇ)

★ਕੁਰੱਪਸ਼ਨ ਖਤਮ ਕਰਕੇ ਹੀ ਦਮ ਲਵਾਂਗੇ—ਬੀਬੀ ਸੰਧੂ।

ਵਾਲਾਂ ਦਾ ਝੜਨਾ

ਗੰਜ ਪੈਣਾ ਤੇ ਸਫੈਦ ਹੋਣਾ ਜਲਦੀ ਰੋਕੋ। ਸਵਸਥ, ਸੰਘਣੇ ਤੇ ਕਾਲੇ ਵਾਲਾਂ ਲਈ ਹਿੰਦੀ ਵਿਚ ਚਿਠੀ ਲਿਖ ਕੇ ਦਵਾਈ ਮੰਗਵਾ ਲਓ। ਕੀਮਤ 20/-

ਮਲੋਟ ਕਪੜਾ ਮਿਲ ਦੇ ਕਾਮਿ ਕਢੇ ਮੁਲਾਜ਼ਮਾਂ ਨੂੰ ਬਹਾਲ

ਮੋਗਾ, 16 ਜਨਵਰੀ—ਅਜ ਮਲੋਟ ਸ਼ਹਿਰ ਵਿਚ ਮਲੋਟ ਟੈਕਸਟਾਈਲ ਮਿਲਜ਼ ਦੇ ਸੈਂਕੜੇ ਮਜ਼ਦੂਰ ਮਿਲ ਦੇ ਸਟਾਫ ਤੇ ਫਿਲਟਰਜ਼ ਦੀ ਹੜਤਾਲ ਵਿਚ ਸ਼ਾਮਲ ਹੋਏ। ਇਹਨਾਂ ਵਲੋਂ ਆਪਣੀਆਂ ਮੰਗਾਂ ਦੇ ਹਕ ਵਿਚ 28 ਦਸੰਬਰ ਤੋਂ ਹੜਤਾਲ ਜਾਰੀ ਹੈ। ਪੰਜਾਬ ਸ਼ਹਿਰੀ ਅਜ਼ਾਦੀ ਯੂਨੀਅਨ ਦੇ

ਟੈਲੀਗਰਾਮ 'ਸਟੋਰਜ਼' ਟੈਲੀਫੋਨ ਨੰ: 23624

ਗੋਲੀ ਚਲਣ ਸਮੇਂ ਲੋਕਾਂ ਵਿਚ ਭਗਦੜ ਮਚ ਗਈ ਤੇ ਜੀ.ਟੀ. ਤੇ ਰੋਡ ਟ੍ਰੈਫਿਕ ਜਾਮ ਹੋਗਿਆ

ਜਲੰਧਰ ਗੋਲੀ ਕਾਂਡ ਚ ਸ: ਸਬਦਲ ਸਿੰਘ ਦਾ ਬਿਆਨ

ਜਲੰਧਰ, 9 ਫਰਵਰੀ—ਅਜ ਦੂਜੇ ਦਿਨ ਵੀ ਸ: ਪ੍ਰਿਥੀਪਾਲ ਸਿੰਘ ਗਰੇਵਾਲ ਐਡੀਸ਼ਨਲ ਸੈਸ਼ਨ ਜਜ ਦੀ ਅਦਾਲਤ ਵਿਚ ਜਲੰਧਰ ਕਚਹਿਰੀ ਗੋਲੀ ਕਾਂਡ ਦੀ ਸੁਣਵਾਈ ਹੋਈ। ਇਸ ਕੇਸ ਵਿਚ ਪੁਲਿਸ ਨੇ 17 ਆਦਮੀਆਂ ਵਿਰੁਧ ਕੇਸ ਦਰਜ ਕੀਤਾ ਹੋਇਆ ਹੈ। ਦੂਜੇ ਦਿਨ ਵੀ ਸ: ਸਬਦਲ ਸਿੰਘ ਡੀ. ਐਸ. ਪੀ. ਦੀ ਸ਼ਹਾਦਤ ਹੋਈ। ਉਨ੍ਹਾਂ ਨੇ ਕਿਹਾ ਕਿ 21 ਅਕਤੂਬਰ 1975 ਨੂੰ ਗੋਲੀ ਕਾਂਡ ਵਾਲੇ ਦਿਨ 22 ਮੁਲਜ਼ਮ ਦੋ ਟਰੱਕਾਂ ਤੇ ਇਕ ਮੋਟਰ ਕਾਰ ਵਿਚ ਬੈਠ ਕੇ ਆਏ ਸਨ ਤੇ ਉਹਨਾਂ ਪਾਸ ਭਾਰੀ ਮਾਤਰਾ ਚ ਹਥਿਆਰ ਸਨ। ਉਹਨਾਂ ਨੇ ਸਵੇਰੇ ਸਾਢੇ 11 ਵਜੇ ਸਟੇਨ ਗੰਨਾਂ ਤੇ ਰਾਈਫਲਾਂ ਆਦਿ ਨਾਲ ਗੋਲੀਆਂ ਚਲਾ ਕੇ 6ਆਦਮੀਆਂ ਨੂੰ ਹਲਾਕ ਕਰ ਦਿਤਾ ਸੀ। ਐਸ.ਐਸ.ਪੀ. ਦੇ ਹੁਕਮ ਤੇ ਉਨ੍ਹਾਂ ਦੋਸ਼ੀਆਂ ਦੀ ਭਾਲ ਅਰੰਭ ਕੀਤੀ। ਇਕ ਮੁਲਾਜ਼ਮ ਲੁਧਿਆਣਾ ਪੁਲਿਸ ਮੁਕਾਬਲੇ ਚ ਹਲਾਕ ਹੋ ਗਿਆ ਸੀ। ਦੋਸ਼ੀਆਂ ਨੂੰ ਆਦਮਪੁਰ, ਨਵਾਂ ਸ਼ਹਿਰ ਕਰਤਾਰਪੁਰ, ਸ਼ਾਹਕੋਟ, ਫਿਲੌਰ ਆਦਿ ਸ਼ਹਿਰਾਂ ਚ ਛਾਪੇ ਮਾਰ ਕੇ ਫੜਿਆ ਗਿਆ ਉਹਨਾਂ ਤੋਂ ਭਾਰੀ ਅਸਲਾ ਤੇ ਹਜ਼ਾਰਾਂ ਕਾਰਤੂਸ ਮਿਲੇ। ਮੁਲਜ਼ਮਾਂ ਦੇ ਵਕੀਲਾਂ ਦੇ ਸੁਆਲਾਂ ਦੇ ਜੁਆਬ ਚ ਸ: ਸਬਦਲ ਸਿੰਘ ਨੇ ਕਿਹਾ ਕਿ ਕੁਝ ਦੋਸ਼ੀਆਂ ਨੇ ਜੀ. ਟੀ. ਰੋਡ ਤੋਂ ਤੇ ਕੁਝ ਨੇ ਅੰਮ੍ਰਿਤ ਦਾਬੇ ਚੋਂ ਗੋਲੀਆਂ ਚਲਾਈਆ ਜਿਸ ਨਾਲ ਟਰੈਫਿਕ ਜਾਮ ਹੋ ਗਿਆ ਤੇ ਦੁਕਾਨਾਂ ਬੰਦ ਹੋ ਗਈਆਂ, ਤੇ ਭਗਦੜ ਮਚ ਗਈ। ਅਜ ਅਦਾਲਤ ਦੇ ਬਾਹਰ ਤੇ ਸ਼ਹਿਰ ਚ ਕਈ ਥਾਈਂ ਪੁਲਿਸ ਦਾ ਕਾਫੀ ਪ੍ਰਬੰਧ ਸੀ। ਦਫਾ 144 ਲਾਗੂ ਹੋਣ ਕਾਰਨ ਕਚਹਿਰੀ ਚ ਦਾਖਲ ਹੋਣ ਵਾਲੇ ਲੋਕਾਂ ਦੀ ਤਲਾਸ਼ੀ ਲਈ ਗਈ।

ਅਫੀਮ ਪਸਤ ਭੰਡੇ, ਸ਼ਰਾਬ, ਸਿਗਰਟ, ਤੰਬਾਕੂ, ਜਰਦਾ ਖਾਣ ਪੀਣ ਨਾਲ ਕੈਂਸਰ ਵਰਗਾ ਭਿਆਨਕ ਰੋਗ ਹੋ ਸਕਦਾ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਸਾਡੇ ਨਾਲ ਤੁਰੰਤ ਮਿਲੋ।
ਪਤਾ :—ਚਾਨਣਾ ਮੈਡੀਕਲ ਹਾਲ ਚੌਕ ਦੀਪਕ ਸਿਨਮਾ ਲੁਧਿਆਣਾ।

ਅਦਾਲਤੀ ਇਸ਼ਤਿਹਾਰ

ਬਾਅਦਾਲਤ ਸਬ ਰਜਿਸਟਰਾਰ ਸਿਟੀ, ਅੰਮ੍ਰਿਤਸਰ।

ਵਿਸ਼ਾ—ਤਸਦੀਕ ਕਰਨੇ ਵਸੀਅਤ ਜ਼ੇਰ ਧਾਰਾ 40 ਰਜਿਸਟਰੇਸ਼ਨ ਐਕਟ।

ਰਾਜਿੰਦਰ ਪਾਲ, ਹੁਸ਼ਿਆਰ ਸਿੰਘ ਪੁਤਰ ਸ੍ਰੀ ਰਾਮ ਸਿੰਘ ਵਾਸੀ

Punjab Archive

17 KILLED, 100 HURT IN CLASH AT AMRITSAR

From Dalbir Singh

AMRITSAR, April 13—Seventeen persons were killed and more than 100 injured in a violent clash between the followers of Sant Bhindranwala and the Nirankaris near Sports Stadium here this afternoon.

Firearms, sharp-edged weapons, lathis and brickbats were freely used in the clash before the police fired in the air and burst teargas shells to separate the warring groups.

More than 70 victims of the clash with multiple injuries were admitted to S.G.T.B. Hospital till this evening. Many of them had bullet wounds and sharp-edged weapon injuries. Still others writhed in pain from injuries inflicted by lathis and brickbats.

Among the dead, 13 were in Nihang robes or with Sikh symbols. Three of the dead belonged to the Nirankaris. Among the injured, the condition of 20 was stated to be serious.

The trouble erupted shortly after a huge procession of the Nirankaris wound its way through the city and terminated peacefully about 11.30 a.m. at the "B" Block Railway Colony grounds where the Nirankaris were observing their "Manav Ekta Sammelan Day."

At the nearby Manji Sahib the Baisakhi festival was being celebrated in a big way with several Akali leaders addressing the congregation. At one stage, the Revenue Minister, Mr Jiwan Singh Umranangal, was asked by Sant Jarnail Singh and some of his followers to stop the Nirankari Sammelan which they felt was against the tenets of Sikhism. But Mr Umranangal told them that the Nirankaris' procession had ended and there was no need to do anything now.

This, however did not satisfy many and between 150 and 200 people headed for the Nirankari Sammelan grounds.

The police who had made elaborate arrangements to maintain law and order during the Nirankaris' procession felt relieved when it terminated peacefully. Therefore, when the anti-Nirankari jatha marched towards the Nirankaris it was intercepted by only a small police contingent. The jatha had

C.M., Talwandi rushing back

By P. D. Mohindra

CHANDIGARH, April 13.— As soon as he learnt of the violent clash at Amritsar, the Punjab Chief Minister, Mr Parkash Singh Badal, cancelled all his engagements in Bombay and boarded this evening the first available plane to New Delhi on his way to Chandigarh. Later, he will go to Amritsar.

He is accompanied by the Industry Minister, Mr Balramji Dass Tandon, and the Akali Dal President, Mr Jagdev Singh Talwandi. He was due to visit Nander tomorrow.

Meanwhile, the Punjab Government has put on the alert all the Senior Superintendents of Police

AMRITSAR, April 13 — Prohibitory orders under Section 144, Cr. P.C., were clamped on the city following the violent clash between Nirankaris and the followers of Sant Bhindranwale this afternoon.

Punjabi Sanatan